# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 8:30

**ਮਿਤੀ :17-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

ਲਦਾਖ ਤੇ ਜੰਮੂ ਕਸ਼ਮੀਰ ਦੇ ਬਰਫ਼ਬਾਰੀ ਵਾਲੇ ਇਲਾਕਿਆਂ ਵਿਚ ਮਰਦਮਸ਼ੁਮਾਰੀ 2027 ਲਈ ਸਵੈ – ਗਣਨਾ ਅੱਜ ਤੋਂ ਸ਼ੁਰੂ.

ਨੈਸ਼ਨਲ ਟੈਸਟਿੰਗ ਏਜੰਸੀ, UGC-NET ਪ੍ਰੀਖਿਆ ਦੇ ਤਿੰਨ ਵਿਸ਼ਿਆਂ ਅੰਗਰੇਜ਼ੀ, ਕਾਮਰਸ ਅਤੇ ਸਮਾਜ ਸ਼ਾਸਤਰ ਵਿਸ਼ੇ ‘ਚ ਗਲਤੀਆਂ ਦੇ ਬਾਅਦ ਇਹਨਾਂ ਦੀ ਮੁੜ-ਪ੍ਰੀਖਿਆ ਕਰਾਏਗੀ.

ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ, CAG ਦੀ ਰਿਪੋਰਟ ਤੋਂ ਬਾਅਦ,ਪੂਰੇ ਰੇਲਵੇ ਨੈੱਟਵਰਕ ਵਿੱਚ ਪੀਣ ਵਾਲੇ ਪਾਣੀ ਦੀ ਸਥਿਤੀ ਦੀ ਸਮੀਖਿਆ ਕੀਤੀ ਤੇ  ਸਾਫ਼ ਪਾਣੀ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ।

12 ਦਿਨਾਂ ਲੰਮੀ ਸਾਲਾਨਾ ਸ਼੍ਰੀ ਬੁੱਢਾ ਅਮਰਨਾਥ ਜੀ ਯਾਤਰਾ ਅੱਜ ਸਵੇਰੇ ਸਖ਼ਤ ਸੁਰੱਖਿਆ ਪ੍ਰਬੰਧਾਂ ਦਰਮਿਆਨ ਸ਼ੁਰੂ ਹੋ ਗਈ ਏ ।

BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ ਸ਼ੁਰੂ ਹੋਵੇਗੀ।

***ਹੁਣ ਖਬਰਾਂ ਵਿਸਥਾਰ ਨਾਲ***

ਪੂਰੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਵਿੱਚ ਅਗਲੇ ਮਹੀਨੇ ਸਤੰਬਰ ਵਿੱਚ ਮਰਦਮਸ਼ੁਮਾਰੀ 2027 ਦਾ ਦੂਜਾ ਪੜਾਅ ਸਿਤੰਬਰ ਤੋਂ ਸ਼ੁਰੂ ਹੋਏਗਾ ਤੇ ਇਸ ਲਈ ਸਵੈ-ਗਣਨਾ ਅੱਜ ਤੋਂ ਸ਼ੁਰੂ ਹੋ ਰਹੀ ਏ । ਜੰਮੂ ਕਸ਼ਮੀਰ ਦੇ ਬਰਫਬਾਰੀ ਵਾਲੇ ਇਲਾਕਿਆਂ 'ਚ ਵੀ  ਇਹ ਗਣਨਾ ਅੱਜ ਤੋਂ ਸ਼ੁਰੂ ਹੋ ਰਹੀ ਏ |  ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸਵੈ-ਗਣਨਾ 17 ਤੋਂ 31 ਅਗਸਤ ਤਕ ਚਲੇਗੀ ਤੇ ਪਹਿਲੀ ਅਕਤੂਬਰ ਨੂੰ ਪੂਰੀ ਹੋਵੇਗੀ। ਲੱਦਾਖ 2027 ਦੀ ਮਰਦਮਸ਼ੁਮਾਰੀ ਨੂੰ ਪੂਰਾ ਕਰਨ ਵਾਲਾ ਦੇਸ਼ ਦਾ ਪਹਿਲਾ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਜਾਵੇਗਾ. ਅੱਜ ਤੋਂ ਸ਼ੁਰੂ ਹੋ ਰਹੀ ਸਵੈ-ਗਣਨਾ ਲਈ ਕਰੀਬ 637 ਬਲਾਕ (EBs) ਬਣਾਏ ਜਾਣਗੇ। ਜੰਮੂ-ਕਸ਼ਮੀਰ ਅਤੇ ਲੱਦਾਖ ਲਈ ਮੁੱਖ ਪ੍ਰਿੰਸੀਪਲ ਮਰਦਮਸ਼ੁਮਾਰੀ ਅਧਿਕਾਰੀ ਅਤੇ ਮਰਦਮ ਸ਼ੁਮਾਰੀ ਕਾਰਵਾਈਆਂ ਬਾਰੇ ਡਾਇਰੈਕਟਰ ਅਮਿਤ ਸ਼ਰਮਾ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸਤੰਬਰ ਦੇ ਸ਼ਡਿਊਲ ਦੀ

ਯੋਜਨਾ ਖੇਤਰ ਦੀਆਂ ਕਠੋਰ ਸਰਦੀਆਂ, ਮੁਸ਼ਕਲ ਭੂਮੀ ਅਤੇ ਲੱਦਾਖ ਦੀ ਸੀਮਤ ਪਹੁੰਚ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਈ ਗਈ ਏ.

----------------------------------------------------

ਨੈਸ਼ਨਲ ਟੈਸਟਿੰਗ ਏਜੰਸੀ (NTA) ਨੇ UGC-NET ਪ੍ਰੀਖਿਆ ਦੇ ਤਿੰਨ ਵਿਸ਼ਿਆਂ - ਅੰਗਰੇਜ਼ੀ, ਕਾਮਰਸ ਅਤੇ ਸਮਾਜ ਸ਼ਾਸਤਰ ਲਈ ਮੁੜ-ਪ੍ਰੀਖਿਆ ਦਾ ਐਲਾਨ ਕੀਤਾ ਏ। ਇਹ ਫੈਸਲਾ ਇਨ੍ਹਾਂ ਤਿੰਨਾਂ ਵਿਸ਼ਿਆਂ ਦੇ ਪੇਪਰਾਂ ਵਿੱਚ ਕਈ ਤਰ੍ਹਾਂ ਦੀਆਂ ਗਲਤੀਆਂ ਦੀਆਂ ਸ਼ਿਕਾਇਤਾਂ ਮਿਲਣ ਤੋਂ ਬਾਅਦ ਲਿਆ ਗਿਆ ਏ. NTA ਨੇ ਕਿਹਾ ਕਿ ਅੰਗਰੇਜ਼ੀ ਲਈ ਮੁੜ-ਪ੍ਰੀਖਿਆ 9 ਸਤੰਬਰ ਨੂੰ ਪਹਿਲੀ ਸ਼ਿਫਟ ਵਿੱਚ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਹੋਵੇਗੀ, ਜਦੋਂ ਕਿ ਕਾਮਰਸ ਦਾ ਪੇਪਰ ਦੂਜੀ ਸ਼ਿਫਟ ਵਿੱਚ ਉਸੇ ਦਿਨ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ। ਸਮਾਜ ਸ਼ਾਸਤਰ ਦਾ ਪੇਪਰ 10 ਸਤੰਬਰ ਨੂੰ ਪਹਿਲੀ ਸ਼ਿਫਟ ਵਿੱਚ ਸਵੇਰੇ 9 ਵਜੇ ਤੋਂ ਦੁਪਹਿਰ 12 ਵਜੇ ਤੱਕ ਹੋਵੇਗਾ। NTA ਨੇ 87 ਵਿਸ਼ਿਆਂ ਲਈ UGC NET ਪ੍ਰੀਖਿਆ 22 ਤੋਂ 30 ਜੂਨ ਦੇ ਵਿਚਕਾਰ ਕਰਵਾਈ। ਇਹ ਪ੍ਰੀਖਿਆ ਜੂਨੀਅਰ ਰਿਸਰਚ ਫੈਲੋਸ਼ਿਪ (JRF), ਸਹਾਇਕ ਪ੍ਰੋਫੈਸਰਸ਼ਿਪ ਲਈ ਯੋਗਤਾ ਅਤੇ ਪੀਐਚਡੀ ਪ੍ਰੋਗਰਾਮਾਂ ਵਿੱਚ ਦਾਖਲੇ ਲਈ ਕਰਵਾਈ ਗਈ ਸੀ। NTA ਨੇ ਇਨ੍ਹਾਂ ਗਲਤੀਆਂ ਦੀ ਜਾਂਚ ਲਈ ਇੱਕ ਕਮੇਟੀ ਬਣਾਈ। ਕਮੇਟੀ ਨੇ ਨਿਰਪੱਖ ਅਤੇ ਗਲਤੀ-ਮੁਕਤ ਪ੍ਰੀਖਿਆ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਤਿੰਨਾਂ ਵਿਸ਼ਿਆਂ ਲਈ ਦੁਬਾਰਾ ਪ੍ਰੀਖਿਆ ਲੈਣ ਦੀ ਸਿਫ਼ਾਰਸ਼ ਕੀਤੀ।

---

ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (CAG) ਦੀ ਪੀਣ ਵਾਲੇ ਪਾਣੀ ਦੀ ਗੁਣਵੱਤਾ ਬਾਰੇ ਰਿਪੋਰਟ ਤੋਂ ਬਾਅਦ, ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਲ੍ਹ ਰੇਲਵੇ ਨੈੱਟਵਰਕ ਵਿੱਚ ਪੀਣ ਵਾਲੇ ਪਾਣੀ ਦੀ ਸਥਿਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਯਾਤਰੀਆਂ ਲਈ ਪੀਣ ਵਾਲਾ ਸਾਫ਼ ਪਾਣੀ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਉਪਾਵਾਂ ਦੇ ਹਿੱਸੇ ਵਜੋਂ, ਰੇਲਵੇ ਨੈੱਟਵਰਕ ਵਿੱਚ ਕਰੀਬ 20 ਹਜ਼ਾਰ ਥਾਵਾਂ 'ਤੇ ਨਵੇਂ ਟੈਂਕ-ਟੂ-ਟੈਪ, ਪਾਣੀ ਅਤੇ ਨਿਗਰਾਨੀ ਪ੍ਰਣਾਲੀਆਂ ਸਥਾਪਿਤ ਕੀਤੀਆਂ ਜਾਣਗੀਆਂ, ਜਿਸ ਵਿੱਚ ਵਾਟਰ ਕੂਲਰ ਵੀ ਸ਼ਾਮਿਲ ਨੇ. ਇਸਦਾ ਮਤਲਬ ਏ ਕਿ ਓਵਰਹੈੱਡ ਵਾਟਰ ਟੈਂਕ, ਯਾਨੀ ਪਾਣੀ ਦੀ ਮੁਖ ਟੈਂਕੀ ਤੋਂ ਲੈ ਕੇ ਟੂਟੀ ਤੱਕ, ਪੂਰੀ ਸਪਲਾਈ ਚੇਨ ਵਿੱਚ ਪਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਇਆ ਜਾਵੇਗਾ। ਪਾਣੀ ਦੇ ਪੁਰਾਣੇ ਅਤੇ ਖਰਾਬ ਭੰਡਾਰਨ ਟੈਂਕਾਂ ਨੂੰ ਤੇਜ਼ੀ ਨਾਲ ਨਵੇਂ ਨਾਲ ਬਦਲਿਆ ਜਾਵੇਗਾ। ਸ਼੍ਰੀ ਵੈਸ਼ਨਵ ਨੇ ਪਾਣੀ ਦੇ ਵਸੀਲਿਆਂ ਅਤੇ ਆਊਟਲੈੱਟ ਪੁਆਇੰਟਾਂ 'ਤੇ ਲਾਜ਼ਮੀ ਨਿਯਮਤ ਪਾਣੀ ਦੀ ਗੁਣਵੱਤਾ ਜਾਂਚ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕੇਂਦਰੀਕ੍ਰਿਤ ਨਿਗਰਾਨੀ, ਸਪੱਸ਼ਟ ਜਵਾਬਦੇਹੀ, ਅਤੇ ਪਾਣੀ ਦੇ ਭੰਡਾਰਨ ਟੈਂਕਾਂ ਦੀ ਨਿਯਮਤ ਸਫਾਈ ਅਤੇ ਰੱਖ-ਰਖਾਅ ਲਈ ਵੀ ਕਿਹਾ।

---

ਪ੍ਰਧਾਨ ਮੰਤਰੀ ਗਤੀ ਸ਼ਕਤੀ ਪਹਿਲਕਦਮੀ (PMGS NMP) ਤਹਿਤ

ਹੁਣ ਤੱਕ ਕਰੀਬ 18.66 ਲੱਖ ਕਰੋੜ ਰੁਪਏ ਦੀ ਅਨੁਮਾਨਤ ਲਾਗਤ ਵਾਲੇ ਵੱਖ-ਵੱਖ ਮੰਤਰਾਲਿਆਂ ਦੇ ਕੁੱਲ 396 ਬੁਨਿਆਦੀ ਢਾਂਚਾ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਗਈ ਏ । ਵਪਾਰ ਤੇ ਸਨਅਤ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਵਿੱਚੋਂ, 256 ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਏ ਅਤੇ ਜਿਨ੍ਹਾਂ ਵਿੱਚੋਂ, 198 ਪ੍ਰੋਜੈਕਟ ਲਾਗੂ ਕੀਤੇ ਜਾ ਰਹੇ ਨੇ. ਇਸ ਵਿੱਚ ਕਿਹਾ ਗਿਆ ਏ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਮੁਲੰਕਣ ਨੈੱਟਵਰਕ ਯੋਜਨਾ ਸਮੂਹ (ਐਨਪੀਜੀ) ਵਿਧੀ ਰਾਹੀਂ ਕੀਤਾ ਗਿਆ ਏ । ਇਹ ਜਾਣਕਾਰੀ ਵਪਾਰ ਤੇ ਸਨਅਤ ਮੰਤਰਾਲੇ ਦੇ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਸੰਸਦ ਦੇ ਹਾਲ ਹੀ ਵਿੱਚ ਸਮਾਪਤ ਹੋਏ ਮਾਨਸੂਨ ਇਜਲਾਸ ਦੌਰਾਨ ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਦਿੱਤੀ । ਪ੍ਰਧਾਨ ਮੰਤਰੀ ਗਤੀ ਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਵੱਖ-ਵੱਖ ਕੇਂਦਰੀ ਮੰਤਰਾਲਿਆਂ ਅਤੇ ਵਿਭਾਗਾਂ ਤੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇੱਕ ਥਾਂ ਲਿਆਉਣ ਲਈ ਇੱਕ ਸੰਪੂਰਨ ਸਰਕਾਰੀ ਪਹੁੰਚ ਏ ਤਾਂ ਜੋ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਏਕੀਕ੍ਰਿਤ ਯੋਜਨਾਬੰਦੀ ਅਤੇ ਤਾਲਮੇਲ ਲਾਗੂ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਮੰਤਰਾਲੇ ਨੇ ਕਿਹਾ ਕਿ (PMGS NMP) ਦਾ ਉਦੇਸ਼ ਮੰਤਰਾਲਿਆਂ ਅਤੇ ਰਾਜਾਂ ਨੂੰ ਭੂ-ਸਥਾਨਕ ਡੇਟਾ, ਸੈਟੇਲਾਈਟ ਇਮੇਜਰੀ ਅਤੇ ਏਪੀਆਈ ਏਕੀਕਰਣ ਦੀ ਵਰਤੋਂ ਕਰਕੇ ਬੁਨਿਆਦੀ ਢਾਂਚੇ ਦੇ ਵਿਕਾਸ ਦੀ ਨਿਗਰਾਨੀ, ਯੋਜਨਾਬੰਦੀ ਅਤੇ ਅਨੁਕੂਲਤਾ ਲਈ ਸੁਵਿਧਾਜਨਕ ਬਣਾਉਣਾ ਏ । ਇਸ ਵਿੱਚ ਅੱਗੇ ਕਿਹਾ ਗਿਆ ਏ ਕਿ PMGS NMP ਮੰਤਰਾਲਿਆਂ ਅਤੇ ਰਾਜਾਂ ਨੂੰ ਉਨ੍ਹਾਂ

ਦੇ ਸਬੰਧਤ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਯੋਜਨਾ ਬਣਾਉਣ ਵਿੱਚ ਸਹਾਇਤਾ ਕਰ ਰਿਹਾ ਏ, ਤਾਂ ਜੋ ਆਵਾਜਾਈ ਦੇ ਵੱਖ-ਵੱਖ ਢੰਗਾਂ ਵਿੱਚ ਲੋਕਾਂ, ਵਸਤਾਂ ਅਤੇ ਸੇਵਾਵਾਂ ਦੀ ਆਵਾਜਾਈ ਲਈ ਨਿਰਵਿਘਨ ਅਤੇ ਕੁਸ਼ਲ ਸੰਪਰਕ ਪ੍ਰਦਾਨ ਕੀਤਾ ਜਾ ਸਕੇ।

---------------------------------------------------------------

ਝਾਰਖੰਡ ਵਿੱਚ JPSC ਅਤੇ JS-SC ਭਰਤੀ ਪ੍ਰੀਖਿਆਵਾਂ ਵਿੱਚ ਬੇਨੇਮੀਆਂ ਨੂੰ ਲੈ ਕੇ ਵਿਦਿਆਰਥੀਆਂ ਦੇ ਵਿਰੋਧ ਮੁਜ਼ਾਹਰੇ 24ਵੇਂ ਦਿਨ ਵਿੱਚ ਦਾਖਲ ਹੋ ਗਏ ਨੇ. ਵਿਦਿਆਰਥੀਆਂ ਨੇ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਬੇਨੇਮੀਆਂ ਵਿਰੁੱਧ ਆਪਣਾ ਵਿਰੋਧ ਤੇਜ਼ ਕਰ ਦਿੱਤਾ ਏ । ਸਰਕਾਰ ਅਤੇ ਵਿਦਿਆਰਥੀ ਪ੍ਰਤੀਨਿਧੀਆਂ ਵਿਚਕਾਰ ਅੱਜ ਗੱਲਬਾਤ ਦਾ ਇੱਕ ਨਵਾਂ ਦੌਰ ਹੋਵੇਗਾ ।

---------------------------------------------------------------

ਭਾਰਤ ਕੱਲ੍ਹ ਨਵੀਂ ਦਿੱਲੀ ਵਿੱਚ 12ਵੀਂ ਬ੍ਰਿਕਸ ਚੁਗਿਰਦਾ ਮੰਤਰੀਆਂ ਦੀ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਇਸ ਮੀਟਿੰਗ ਤੋਂ ਪਹਿਲਾਂ ਅੱਜ ਚੁਗਿਰਦਾ ਕਾਰਜ ਸਮੂਹ ਅਤੇ ਜਲਵਾਯੂ ਤਬਦੀਲੀ 'ਤੇ ਸੰਪਰਕ ਸਮੂਹ ਦੇ ਬ੍ਰਿਕਸ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਹੋਵੇਗੀ। ਇਹ ਸਮਾਗਮ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਦੇ ਵਿਸ਼ੇ ਹੇਠ ਕਰਾਇਆ ਜਾਵੇਗਾ। ਇਸ ਸਾਲ ਦੇ ਸਿਖਰ ਸੰਮੇਲਨ ਦਾ ਵਿਸ਼ਾ, ਲਚਕੀਲਾਪਣ, ਨਵੀਨਤਾ, ਸਹਿਯੋਗ ਅਤੇ ਸਥਿਰਤਾ ਦਾ ਨਿਰਮਾਣ ਏ । ਬ੍ਰਿਕਸ ਚੁਗਿਰਦਾ

ਮੰਤਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਚੁਗਿਰਦਾ, ਜੰਗਲਾਤ ਅਤੇ ਜਲਵਾਯੂ ਤਬਦੀਲੀ ਮੰਤਰੀ ਭੂਪੇਂਦਰ ਯਾਦਵ ਕਰਨਗੇ।

-------------------------------------------------------

ਪੁੰਛ ਜ਼ਿਲ੍ਹੇ ਦੇ ਮੰਡੀ ਤਹਿਸੀਲ ਦੇ ਰਾਜਪੁਰਾ ਪਿੰਡ ਵਿੱਚ ਸਥਿਤ ਭਗਵਾਨ ਸ਼ਿਵ ਨੂੰ ਸਮਰਪਿਤ ਪ੍ਰਾਚੀਨ ਬਾਬਾ ਬੂਢਾ ਅਮਰਨਾਥ ਜੀ ਮੰਦਿਰ ਲਈ 12 ਦਿਨਾਂ ਲੰਮੀ ਸਾਲਾਨਾ ਸ਼੍ਰੀ ਬੂਢਾ ਅਮਰਨਾਥ ਜੀ ਯਾਤਰਾ ਅੱਜ ਸਵੇਰੇ ਸਖ਼ਤ ਸੁਰੱਖਿਆ ਪ੍ਰਬੰਧਾਂ ਦਰਮਿਆਨ ਸ਼ੁਰੂ ਹੋ ਗਈ ਏ। ਇਹ ਯਾਤਰਾ 28 ਅਗਸਤ ਤੱਕ ਜਾਰੀ ਰਹੇਗੀ ਅਤੇ ਰੱਖੜੀ 'ਤੇ ਸੰਪੂਰਨ ਹੋਵੇਗੀ। ਅਧਿਕਾਰੀਆਂ ਨੇ ਰਾਜੌਰੀ, ਪੁੰਛ ਅਤੇ ਆਵਾਜਾਈ ਰੂਟਾਂ 'ਤੇ ਸਖ਼ਤ ਬਹੁ-ਪੱਧਰੀ ਸੁਰੱਖਿਆ ਅਤੇ ਨਿਗਰਾਨੀ ਲਾਗੂ ਕੀਤੀ ਏ। ਪੁੰਛ ਜ਼ਿਲ੍ਹੇ ਦੇ ਮੰਡੀ ਤਹਿਸੀਲ ਦੇ ਰਾਜਪੁਰਾ ਪਿੰਡ ਵਿੱਚ ਸਥਿਤ ਭਗਵਾਨ ਸ਼ਿਵ ਨੂੰ ਸਮਰਪਿਤ ਪ੍ਰਾਚੀਨ ਬਾਬਾ ਬੂਢਾ ਅਮਰਨਾਥ ਜੀ ਮੰਦਿਰ ਲਈ ਹਰ ਸਾਲ ਸੌਣ ਦੇ ਸ਼ੁਭ ਮਾਨਸੂਨ ਮਹੀਨੇ ਦੌਰਾਨ ਇਹ ਯਾਤਰਾ ਹੁੰਦੀ ਏ. ਉਪ-ਰਾਜਪਾਲ ਮਨੋਜ ਸਿਨਹਾ ਨੇ ਅੱਜ ਸਵੇਰੇ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਤੋਂ ਸਰਹੱਦੀ ਜ਼ਿਲ੍ਹੇ ਪੁੰਛ ਵੱਲ ਯਾਤਰੀਆਂ ਦੇ ਪਹਿਲੇ ਜਥੇ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਜੰਮੂ-ਕਸ਼ਮੀਰ ਪੁਲਿਸ ਦੇ ਸਪੈਸ਼ਲ ਆਪ੍ਰੇਸ਼ਨ ਗਰੁੱਪ ਦੀਆਂ ਇਕਾਈਆਂ ਦਸ਼ਨਾਮੀ ਅਖਾੜਾ ਵਰਗੇ ਰਿਹਾਇਸ਼ ਸਥਾਨਾਂ ਦੇ ਨੇੜੇ ਖੋਜ ਅਤੇ ਤਸਦੀਕ ਕਾਰਜ ਕਰ ਰਹੀਆਂ ਨੇ. ਸ਼ਰਧਾਲੂਆਂ ਦੇ

ਕਾਫਲੇ ਪੁਲਿਸ ਸੁਰੱਖਿਆ ਹੇਠ ਜਾਣਗੇ, ਤੇ ਕੇਂਦਰੀ ਹਥਿਆਰਬੰਦ ਪੁਲਿਸ ਬਲ (CAPF) ਦੇ ਵਾਧੂ ਜਵਾਨ ਤਾਇਨਾਤ ਹੋਣਗੇ। ਪੁੰਛ ਜ਼ਿਲ੍ਹਾ ਪ੍ਰਸ਼ਾਸਨ ਨੇ ਦੇਸ਼ ਭਰ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਅਗਾਊਂ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਇੱਕ ਸਮਰਪਿਤ ਪੋਰਟਲ ਸ਼ੁਰੂ ਕੀਤਾ ਏ।

---------------------------------------------------------

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਅੱਜ ਮਦਨ ਲਾਲ ਢੀਂਗਰਾ ਨੂੰ ਉਨ੍ਹਾਂ ਦੇ ਬਲੀਦਾਨ ਦਿਵਸ 'ਤੇ ਸ਼ਰਧਾਂਜਲੀ ਭੇਟ ਕੀਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਬਿਰਲਾ ਨੇ ਕਿਹਾ ਕਿ ਮਦਨ ਲਾਲ ਢੀਂਗਰਾ ਦਾ ਜੀਵਨ ਅਦੁੱਤੀ ਹਿੰਮਤ, ਅਟੁੱਟ ਦੇਸ਼ ਭਗਤੀ ਅਤੇ ਨਿਰ ਸਵਾਰਥ ਭਾਵਨਾ ਦੀ ਇੱਕ ਪ੍ਰੇਰਨਾਦਾਇਕ ਕਹਾਨੀ ਏ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇੱਕ ਅਮੀਰ ਪਰਿਵਾਰ ਵਿੱਚ ਜਨਮ ਲੈਣ ਦੇ ਬਾਵਜੂਦ, ਮਦਨ ਲਾਲ ਢੀਂਗਰਾ ਨੇ ਦੇਸ਼ ਦੀ ਆਜ਼ਾਦੀ ਨੂੰ ਆਪਣਾ ਅੰਤਮ ਟੀਚਾ ਬਣਾਉਣ ਲਈ ਸਾਰੇ ਸੁੱਖ-ਸਹੂਲਤਾਂ ਦੀ ਕੁਰਬਾਨੀ ਦਿੱਤੀ। ਸ਼੍ਰੀ ਬਿਰਲਾ ਨੇ ਕਿਹਾ ਕਿ ਮਦਨ ਲਾਲ ਢੀਂਗਰਾ ਦੀ ਹਿੰਮਤ, ਕੁਰਬਾਨੀ ਅਤੇ ਅਟੱਲ ਦ੍ਰਿੜਤਾ ਅੱਜ ਵੀ ਨੌਜਵਾਨਾਂ ਵਿੱਚ ਦੇਸ਼ ਭਗਤੀ ਨੂੰ ਪ੍ਰੇਰਿਤ ਕਰਦੀ ਏ।

---------------------------------------------------------

ਮਰਦਾਂ ਦੀ ਹਾਕੀ ਵਿੱਚ, ਭਾਰਤੀ ਟੀਮ ਅੱਜ ਨੀਦਰਲੈਂਡ ਵਿੱਚ ਆਪਣੇ ਦੂਜੇ ਮੈਚ ਵਿੱਚ ਇੰਗਲੈਂਡ ਦਾ ਸਾਹਮਣਾ ਕਰੇਗੀ। ਪੂਲ ਡੀ ਵਿੱਚ ਸਿਖਰ

'ਤੇ ਰਹਿਣ ਵਾਲੀ ਟੀਮ ਲਈ ਅੱਜ ਦਾ ਮੈਚ ਮਹੱਤਵਪੂਰਨ ਸਾਬਤ ਹੋ ਸਕਦਾ ਏ । ਭਾਰਤ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਵੇਲਜ਼ 'ਤੇ 3-1 ਦੀ ਜਿੱਤ ਨਾਲ ਕੀਤੀ, ਜਦੋਂ ਕਿ ਇੰਗਲੈਂਡ ਨੇ ਵੀ ਪਾਕਿਸਤਾਨ ਨੂੰ 4-1 ਨਾਲ ਹਰਾ ਕੇ ਮਜ਼ਬੂਤ ਸ਼ੁਰੂਆਤ ਕੀਤੀ।

-------------------------------------------------

BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ ਸ਼ੁਰੂ ਹੋ ਰਹੀ ਏ । ਭਾਰਤੀ ਬੈਡਮਿੰਟਨ ਖਿਡਾਰੀ ਅੱਜ ਪਹਿਲੇ ਦਿਨ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਨਗੇ । ਔਰਤਾਂ ਦੇ ਸਿੰਗਲਜ਼ ਦੇ ਮੁਕਾਬਲੇ ਵਿੱਚ ਸਾਬਕਾ ਵਿਸ਼ਵ ਚੈਂਪੀਅਨ ਅਤੇ ਨੌਵਾਂ ਦਰਜਾ ਪ੍ਰਾਪਤ ਪੀਵੀ ਸਿੰਧੂ ,ਆਇਰਲੈਂਡ ਦੀ ਸੋਫੀਆ ਨੋਬਲ ਖਿਲਾਫ ਖੇਡੇਗੀ । ਜਦਕਿ ਟਰੀਸਾ ਜੌਲੀ ਅਤੇ ਗਾਇਤਰੀ ਗੋਪੀਚੰਦ ਦੀ ਔਰਤਾਂ ਦੀ ਡਬਲਜ਼ ਜੋੜੀ ਦਾ ਮੁਕਾਬਲਾ ਪਹਿਲੇ ਗੇੜ ਵਿੱਚ ਸਪੇਨ ਦੀ ਪਾਉਲਾ ਲੋਪੇਜ਼ ਅਤੇ ਲੂਸੀਆ ਰੋਡਰਿਗਜ਼ ਨਾਲ ਹੋਵੇਗਾ।

-------------------------------------------------

ਮਰਦਾਂ ਦੇ ਕ੍ਰਿਕੇਟ ਵਿੱਚ, ਭਾਰਤ ਅੱਜ ਸ਼੍ਰੀਲੰਕਾ ਦੇ ਗੌਲ ਅੰਤਰਰਾਸ਼ਟਰੀ ਸਟੇਡੀਅਮ ਵਿੱਚ ਲੜੀ ਦੇ ਪਹਿਲੇ ਟੈਸਟ ਦੇ ਤੀਜੇ ਦਿਨ ਪਹਿਲੀ ਪਾਰੀ ਦੇ 460 ਦੌੜਾਂ ਦੇ ਸਕੋਰ ਤੋਂ ਖੇਡ ਸ਼ੁਰੂ ਕਰੇਗਾ।

-------------------------------------------------

ਲਦਾਖ ਤੇ ਜੰਮੂ ਕਸ਼ਮੀਰ ਦੇ ਬਰਫ਼ਬਾਰੀ ਵਾਲੇ ਇਲਾਕਿਆਂ ਵਿਚ ਮਰਦਮਸ਼ੁਮਾਰੀ 2027 ਲਈ ਸਵੈ – ਗਣਨਾ ਅੱਜ ਤੋਂ ਸ਼ੁਰੂ.

ਨੈਸ਼ਨਲ ਟੈਸਟਿੰਗ ਏਜੰਸੀ, UGC-NET ਪ੍ਰੀਖਿਆ ਦੇ ਤਿੰਨ ਵਿਸ਼ਿਆਂ ਅੰਗਰੇਜ਼ੀ, ਕਾਮਰਸ ਅਤੇ ਸਮਾਜ ਸ਼ਾਸਤਰ ਵਿਸ਼ੇ 'ਚ ਗਲਤੀਆਂ ਦੇ ਬਾਅਦ ਇਹਨਾਂ ਦੀ ਮੁੜ-ਪ੍ਰੀਖਿਆ ਕਰਾਏਗੀ.

ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ, CAG ਦੀ ਰਿਪੋਰਟ ਤੋਂ ਬਾਅਦ,ਪੂਰੇ ਰੇਲਵੇ ਨੈੱਟਵਰਕ ਵਿੱਚ ਪੀਣ ਵਾਲੇ ਪਾਣੀ ਦੀ ਸਥਿਤੀ ਦੀ ਸਮੀਖਿਆ ਕੀਤੀ ਤੇ  ਸਾਫ਼ ਪਾਣੀ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ।

12 ਦਿਨਾਂ ਲੰਮੀ ਸਾਲਾਨਾ ਸ਼੍ਰੀ ਬੂਢਾ ਅਮਰਨਾਥ ਜੀ ਯਾਤਰਾ ਅੱਜ ਸਵੇਰੇ ਸਖ਼ਤ ਸੁਰੱਖਿਆ ਪ੍ਰਬੰਧਾਂ ਦਰਮਿਆਨ ਸ਼ੁਰੂ ਹੋ ਗਈ ਏ।

BWF ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ ਸ਼ੁਰੂ ਹੋਵੇਗੀ।

----------------------------------------------------------------

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਿਹਰ 1 ਵਜਕੇ 10 ਮਿੰਟ ਤੇ  ਹੋਏਗਾ. ਨਮਸਕਾਰ!**